# ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ)

ਪੁੱਡਾ ਭਵਨ, ਸੈਕਟਰ-62 ਐਸ.ਏ.ਐਸ.ਨਗਰ

ਸੇਵਾ ਵਿਖੇ

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
   ਵਿੱਤ ਵਿਭਾਗ, ਪੰਜਾਬ ਸਿਵਲ ਸਕੱਤਰੇਤ-1,
   ਚੰਡੀਗੜ੍ਹ।
2. ਮੁੱਖ ਪ੍ਰਸ਼ਾਸਕ,
   ਗਮਾਡਾ, ਐਸ.ਏ.ਐਸ. ਨਗਰ।
3. ਵਧੀਕ ਮੁੱਖ ਪ੍ਰਸ਼ਾਸਕ (ਵਿੱਤ ਤੇ ਲੇਖਾ)-ਸਪੈਸ਼ਲ ਇਨਵਾਇਟੀ,
   ਗਮਾਡਾ, ਐਸ.ਏ.ਐਸ. ਨਗਰ।

ਨੰ. ਗਮਾਡਾ-ਤਾਲਮੇਲ ਸ਼ਾਖਾ-ਸ-4/2022/ 23379-81 ਮਿਤੀ- 01/11/22

**ਵਿਸ਼ਾ- ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ 28ਵੀਂ ਬਜਟ ਅਤੇ ਲੇਖਾ ਸਕਰੂਟਨੀ ਕਮੇਟੀ ਦੀ ਮੀਟਿੰਗ ਦੀ ਕਾਰਵਾਈ ਜਾਰੀ ਕਰਨ ਬਾਰੇ।**

ਸ਼੍ਰੀ ਮਾਨ ਜੀ,

ਇਸ ਦਫਤਰ ਦੇ ਪੱਤਰ ਨੰ: ਗਮਾਡਾ-ਤਾਲਮੇਲ ਸ਼ਾਖਾ-ਸ-5-2022/SPL 590-93 ਮਿਤੀ 19.09.2022 ਦੀ ਲਗਾਤਾਰਤਾ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਬਜਟ ਅਤੇ ਲੇਖਾ ਸਕਰੂਟਨੀ ਕਮੇਟੀ ਦੀ 28ਵੀਂ ਮੀਟਿੰਗ ਮਿਤੀ 23.09.2022 ਨੂੰ 04.00 ਵਜੇ ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ-ਕਮ-ਚੇਅਰਮੈਨ, ਬਜਟ ਤੇ ਲੇਖਾ ਸਕਰੂਟਨੀ ਕਮੇਟੀ, ਗਮਾਡਾ ਜੀ ਦੀ ਪ੍ਰਧਾਨਗੀ ਹੇਠ ਕਮੇਟੀ ਰੂਮ, ਪੁੱਡਾ ਭਵਨ, ਦੂਜੀ ਮੰਜਿਲ, ਸੈਕਟਰ-62, ਐਸ.ਏ.ਐਸ. ਨਗਰ ਵਿਖੇ ਹੋਈ ਸੀ। ਮੀਟਿੰਗ ਦੀ ਕਾਰਵਾਈ (Proceedings) ਦੀ ਕਾਪੀ ਸੂਚਨਾਂ/ਅਗਲੇਰੀ ਕਾਰਵਾਈ ਹਿੱਤ ਆਪ ਨੂੰ ਭੇਜੀ ਜਾਂਦੀ ਹੈ ਜੀ।

ਨੱਥੀ: ਮੀਟਿੰਗ ਦੀ ਕਾਰਵਾਈ ਦੀ ਕਾਪੀ

1/11

ਸੁਪਰਡੰਟ (ਤਾਲਮੇਲ)
ਵਾ:ਮਿਲਖ ਅਫਸਰ (ਤਾਲਮੇਲ)

ਪਿੱਠ ਅੰਕਣ ਨੰ. ਗਮਾਡਾ-ਤਾਲਮੇਲ ਸ਼ਾਖਾ-ਸ-4/2022/ 23382 ਮਿਤੀ: 01/11/22

ਉਪਰੋਕਤ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਨੂੰ ਮਾਨਯੋਗ ਪ੍ਰਮੁੱਖ ਸੱਕਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਜੀ ਦੀ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ: ਮੀਟਿੰਗ ਦੀ ਕਾਰਵਾਈ ਦੀ ਕਾਪੀ

1/11

ਸੁਪਰਡੰਟ (ਤਾਲਮੇਲ)
ਵਾ:ਮਿਲਖ ਅਫਸਰ (ਤਾਲਮੇਲ)

## ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ)
ਪੁੱਡਾ ਭਵਨ, ਸੈਕਟਰ-62 ਐਸ.ਏ.ਐਸ.ਨਗਰ

ਪਿੱਠ ਅੰਕਣ ਨੰ. ਗਮਾਡਾ-ਤਾਲਮੇਲ ਸ਼ਾਖਾ-ਸ-4/2022/ 23383 ਮਿਤੀ: 01/11/22

ਉਪਰੋਕਤ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਵਧੀਕ ਮੁੱਖ ਪ੍ਰਸ਼ਾਸਕ, ਗਮਾਡਾ, ਐਸ.ਏ.ਐਸ. ਨਗਰ ਜੀ ਦੀ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ: ਮੀਟਿੰਗ ਦੀ ਕਾਰਵਾਈ ਦੀ ਕਾਪੀ

1/11

ਸੁਪਰਡੰਟ (ਤਾਲਮੇਲ)
ਵਾ:ਮਿਲਖ ਅਫਸਰ (ਤਾਲਮੇਲ)

ਪਿੱਠ ਅੰਕਣ ਨੰ. ਗਮਾਡਾ-ਤਾਲਮੇਲ ਸ਼ਾਖਾ-ਸ-4/2022/ 23384-85 ਮਿਤੀ: 01/11/22

ਉਪਰੋਕਤ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਹੇਠ ਲਿਖਿਆ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਦਫਤਰ ਨਾਲ ਸਬੰਧਤ ਮੱਦ ਬਾਰੇ ਹੋਏ ਫੈਸਲੇ ਅਨੁਸਾਰ ਲੋੜੀਂਦੀ ਕਾਰਵਾਈ ਕਰਨ ਉਪਰੰਤ ਕੀਤੀ ਕਾਰਵਾਈ ਰਿਪੋਰਟ ਇਸ ਦਫਤਰ ਨੂੰ ਭਿਜਵਾਈ ਜਾਵੇ ਤਾਂ ਜੋ ਫੋਲੋ-ਅੱਪ ਸਬੰਧੀ ਕਾਰਵਾਈ ਕੀਤੀ ਜਾ ਸਕੇ ਜੀ:-

1.ਮਿਲਖ ਅਫਸਰ (ਹਾਊਸਿੰਗ), ਗਮਾਡਾ, ਐਸ.ਏ.ਐਸ ਨਗਰ।
2.ਮੁੱਖ ਲੇਖਾ ਅਫਸਰ, ਗਮਾਡਾ, ਐਸ.ਏ.ਐਸ ਨਗਰ।

ਨੱਥੀ: ਮੀਟਿੰਗ ਦੀ ਕਾਰਵਾਈ ਦੀ ਕਾਪੀ

1/11/22

ਸੁਪਰਡੰਟ (ਤਾਲਮੇਲ)
ਵਾ:ਮਿਲਖ ਅਫਸਰ (ਤਾਲਮੇਲ)

ਮਾਨਯੋਗ ਪ੍ਰਮੁੱਖ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ-ਕਮ-ਚੇਅਰਮੈਨ, ਜੀ ਦੀ ਪ੍ਰਧਾਨਗੀ ਹੇਠ ਮਿਤੀ 23.09.2022 ਨੂੰ 4.00 ਵਜੇ ਹੋਈ ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ 28ਵੀਂ ਬਜਟ ਅਤੇ ਲੇਖਾ ਸਕਰੂਟਨੀ ਕਮੇਟੀ ਦੀ ਮੀਟਿੰਗ ਦੀ ਕਾਰਵਾਈ।

ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਭਾਗ ਲਿਆ:-

| ਲੜੀ ਨੰ. | ਅਧਿਕਾਰੀ ਦਾ ਨਾਮ ਅਤੇ ਅਹੁੱਦਾ | |
|---|---|---|
| 1. | ਸ਼੍ਰੀ ਅਮਨਦੀਪ ਬਾਂਸਲ, ਆਈ.ਏ.ਐਸ<br>ਮੁੱਖ ਪ੍ਰਸ਼ਾਸਕ, ਗਮਾਡਾ। | ਮੈਂਬਰ |
| 2. | ਸ਼੍ਰੀ ਅਮਰਿੰਦਰ ਸਿੰਘ ਟਿਵਾਣਾ, ਪੀ.ਸੀ.ਐਸ<br>ਵਧੀਕ ਮੁੱਖ ਪ੍ਰਸ਼ਾਸਕ (ਵਿੱਤ ਤੇ ਲੇਖਾ), ਗਮਾਡਾ । | ਸਪੈਸ਼ਲ ਇੰਨਵਾਇਟੀ |
| 3. | ਸ੍ਰੀਮਤੀ ਹਰਪ੍ਰੀਤ ਕੌਰ, ਸੁਪਰਡੰਟ, ਵਿੱਤ ਵਿਭਾਗ, ਪੰਜਾਬ ਦਾ (ਨੁਮਾਇੰਦਾ) | ਮੈਂਬਰ |

ਮੀਟਿੰਗ ਵਿੱਚ ਲੜੀਵਾਰ ਅਜੰਡਾ ਆਈਟਮਾਂ ਤੇ ਵਿਚਾਰ ਕੀਤਾ ਗਿਆ ਅਤੇ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ।

**ਅਜੰਡਾ ਆਈਟਮ ਨੰ. 28.01**

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਬਜਟ ਅਤੇ ਲੇਖਾ ਸਕਰੂਟਨੀ ਕਮੇਟੀ ਦੀ 27ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।

ਕਮੇਟੀ ਵੱਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਅਜੰਡਾ ਆਈਟਮ ਨੰ. 28.02**

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਬਜਟ ਅਤੇ ਲੇਖਾ ਸਕਰੂਟਨੀ ਕਮੇਟੀ ਦੀ 27ਵੀਂ ਮੀਟਿੰਗ ਜੋ ਕਿ ਮਿਤੀ 31.03.2022 ਨੂੰ ਹੋਈ ਸੀ, ਵਿੱਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਮੱਦ-ਵਾਰ ਵਿਵਰਨ।

ਕਮੇਟੀ ਵੱਲੋਂ ਕੀਤੀ ਗਈ ਕਾਰਵਾਈ ਸਬੰਧੀ ਤਸੱਲੀ ਪ੍ਰਗਟਾਈ ਗਈ।

**ਅਜੰਡਾ ਆਈਟਮ ਨੰ- 28.03**

**ਪਲਾਟ ਨੰ: 2, ਸੈਕਟਰ 70, ਐਸ.ਏ.ਐਸ. ਨਗਰ ਦੀ ਨਾਨ ਉਸਾਰੀ ਫੀਸ ਮੁਆਫ ਕਰਨ ਸਬੰਧੀ।**

ਕਮੇਟੀ ਵੱਲੋਂ ਮੀਟਿੰਗ ਵਿੱਚ ਅਜੰਡੇ ਤੇ ਡਿਟੇਲਡ ਵਿਚਾਰ ਵਟਾਦਰਾ ਕੀਤਾ ਗਿਆ। ਮਿਸਲ ਦੇ ਰਿਕਾਰਡ ਅਨੁਸਾਰ ਵਧੀਕ ਮੁੱਖ ਪ੍ਰਸ਼ਾਸ਼ਕ, ਗਮਾਡਾ-ਕਮ-ਐਪੇਲੇਟ ਅਧਿਕਾਰੀ ਵੱਲੋਂ ਮਿਤੀ 11.08.2010 ਨੂੰ ਪਾਸ ਕੀਤੇ ਗਏ ਹੁਕਮਾ ਅਨੁਸਾਰ ਫੈਸਲਾ ਕੀਤਾ ਗਿਆ ਹੈ ਕਿ ਸਾਲ 2009 ਤੱਕ ਦੀ ਨਾਨ ਉਸਾਰੀ ਫੀਸ ਚਾਰਜ ਕਰਨਾ ਜਾਇਜ ਨਹੀਂ ਹੈ। ਇਸ ਤੋਂ ਬਾਅਦ ਅਲਾਟੀ/ ਉਸਦੇ ਜੀ.ਪੀ.ਏ ਵੱਲੋਂ ਮਹੀਨਾ 4/ 2011 ਅਤੇ 7/2011 ਵਿੱਚ ਪਲਾਟ ਦਾ ਕਬਜਾ ਲੈਣ ਲਈ ਗਮਾਡਾ ਦਫਤਰ ਨਾਲ ਤਾਲਮੇਲ ਕੀਤਾ ਗਿਆ ਹੈ ਅਤੇ ਅਲਾਟੀ ਵੱਲੋਂ ਪਲਾਟ ਦਾ ਡੀਮਡ ਕਬਜਾ ਮੰਨਦੇ ਹੋਏ ਮਿਤੀ 05.01.2012 ਨੂੰ ਆਪਣੇ ਪਲਾਟ ਦੇ ਬਿਲਡਿੰਗ ਪਲਾਨ ਪ੍ਰਵਾਨਗੀ ਲਈ ਪੇਸ਼ ਕੀਤੇ ਗਏ ਸਨ। ਪਰੰਤੂ ਪਲਾਟ ਦੀ ਅਲਾਟਮੈਂਟ ਨੂੰ 15 ਸਾਲ ਤੋਂ ਵੱਧ ਦਾ ਸਮਾਂ ਹੋ ਜਾਣ ਕਾਰਨ ਇਹ ਨਕਸ਼ਾ ਪਾਸ ਨਹੀਂ ਕੀਤਾ ਜਾ ਸਕਿਆ। ਗਮਾਡਾ ਵੱਲੋਂ ਮਿਤੀ 31.07.2019 ਨੂੰ ਅਲਾਟੀ/ ਜੀ.ਪੀ.ਏ ਨੂੰ ਨਕਸ਼ੇ ਦੀਆਂ ਤਰੁਟੀਆਂ ਬਾਰੇ ਸੂਚਿਤ ਕੀਤਾ ਗਿਆ ਹੈ। ਮਿਲਖ ਅਫਸਰ ਗਮਾਡਾ ਵੱਲੋਂ ਇਹ ਵੀ ਧਿਆਨ ਵਿੱਚ ਲਿਆਦਾ ਗਿਆ ਹੈ ਕਿ ਮਿਤੀ 03.02.2022 ਨੂੰ ਵੀ ਅਲਾਟੀ/ ਉਸਦੇ ਜੀ.ਪੀ.ਏ ਨੂੰ ਨਕਸ਼ੇ ਦੀਆਂ ਤਰੁਟੀਆਂ ਦੂਰ ਕਰਨ ਹਿੱਤ ਲਿਖਿਆ ਗਿਆ ਹੈ ਜੋ ਕਿ ਉਸ ਵੱਲੋਂ ਹਾਲੇ ਤੱਕ ਵੀ ਦੂਰ ਨਹੀਂ ਕੀਤੀਆਂ ਗਈਆਂ ਹਨ, ਇਸ ਲਈ ਨਕਸ਼ਾ ਪਾਸ ਨਹੀਂ ਹੋ ਸਕਿਆ ਹੈ।

ਮਾਮਲੇ ਤੇ ਵਿਚਾਰ ਵਟਾਦਰਾ ਕਰਨ ਉਪਰੰਤ ਕਮੇਟੀ ਵੱਲੋਂ ਇਹ ਫੈਸਲਾ ਕੀਤਾ ਗਿਆ ਕਿ ਕਿਊਂਜੋ ਅਲਾਟੀ ਨੂੰ 31.07.2019 ਨੂੰ ਨਕਸ਼ੇ ਵਿੱਚ ਤਰੁਟੀਆਂ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਇਸ ਲਈ ਅਲਾਟੀ ਨੂੰ ਮਿਤੀ 31.07.2019 ਤੋਂ ਬਾਅਦ ਨਾਨ ਉਸਾਰੀ ਫੀਸ ਦੀ ਕੋਈ ਛੋਟ ਨਹੀਂ ਦਿੱਤੀ ਜਾਵੇਗੀ ਅਤੇ ਪਲਾਟ ਤੇ ਉਸਾਰੀ ਨਾ ਕਰਨ ਕਾਰਨ ਅਲਾਟੀ ਤੋਂ ਪ੍ਰਚਲਿਤ ਰੂਲਾ/ ਪਾਲਿਸੀ ਅਨੁਸਾਰ ਨਾਨ ਉਸਾਰੀ ਫੀਸ ਚਾਰਜ ਕੀਤੀ ਜਾਵੇਗੀ।

**ਮੀਟਿੰਗ ਧੰਨਵਾਦ ਸਹਿਤ ਸਮਾਪਤ ਕੀਤੀ ਗਈ।**